## ਘੰਟਾ ਵਜਾਉਣ ਬਾਰੇ ਵੀਚਾਰ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਆਪਣੀ ਪੁਸਤਕ 'ਸ੍ਰੀ ਹਜ਼ੂਰੀ ਮਰਯਾਦਾ ਪ੍ਰਬੋਧ' ਵਿੱਚ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ (ਹੁਣ ਗੁਰਪੁਰਵਾਸੀ) ਨੇ ਘੰਟਾ ਵਜਾਉਣ ਨੂੰ ਗੁਰ-ਮਰਯਾਦਾ ਸਿੱਧ ਕਰਨ ਦੀ ਕੋਸ਼ਿਸ਼ ਕਰਦਿਆਂ ਕਈ ਦਲੀਲਾਂ ਦਿੱਤੀਆਂ ਹਨ। ਹੱਥਲੇ ਲੇਖ ਦਾ ਉਦੇਸ਼ ਸਿੰਘ ਸਾਹਿਬ ਜੀ ਦੀਆਂ ਇਨ੍ਹਾਂ ਦਲੀਲਾਂ ਨੂੰ ਵੀਚਾਰਨਾ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ਤਵ ਪ੍ਰਸਾਦਿ ਦੀਰਘ ਤ੍ਰਿਭੰਗੀ ਛੰਦ ॥
>
> ਘੰਟਕਾ ਬਿਰਾਜੈ ਰੁਣਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ ॥
> ਕੋਕਲ ਸੁਨ ਲਾਜੈ ਕਿਲਬਿਖ ਭਾਜੈ ਸੁਖ ਉਪਰਾਜੈ ਮੱਧ ਉਰੰ ॥
> ਦੁਰਜਨ ਦਲ ਦੱਝੈ ਮਨ ਤਨ ਰਿੱਝੈ ਸ ਭੈ ਨ ਭੱਜੈ ਰੋਹ ਰਣੰ ॥
> ਜੈ ਜੈ ਹੋਸੀ ਮਹਖਾਸੁਰ ਮਰਦਨ ਚੰਡ ਚੱਕ੍ਰਤਨ ਆਦਿ ਗੁਰੰ ॥੧੩॥੨੨੩॥
> ੧
>
> ਸਾਧ ਸੰਗਤ ਜੀਓ, ਇਸ ਛੰਦ ਵਿਚ ਗੁਰੂ ਸਾਹਿਬ ਘੰਟੇ ਦਾ ਜ਼ਿਕਰ ਕਰਦੇ ਹੋਏ (ਘੰਟਕਾ ਬਿਰਾਜੇ) ਦੇਵੀ ਦੁਰਗਸ਼ਾਹ ਦੇ ਪਾਸ ਘੰਟਕਾ ਬਿਰਾਜੈ ਦਾ ਮਤਲਬ ਉਦ੍ਹੇ ਪਾਸ ਸੀ । ਰੁਣਿ ਝੁਣਿ ਬਾਜੈ । ਘੰਟੇ ਦੇ ਆਵਾਜ਼ ਦਾ ਬਰਨੰਨ ਕੀਤਾ ਹੈ । ਭਰਮ ਦਾ ਅ੍ਰਥ ਕਿ ਰਾਹ ਜਾਂਦਿਆਂ ਨੂੰ ਵ ਦੈਂਤਾਂ ਨੂੰ, ਮੁਸਲਮਾਨਾਂ ਨੂੰ ਭਰਮ ਨਾ ਰਹੇ ਕਿ ਕੀਹਦਾ ਮੰਦ੍ਰ ਹੈ । ਆਵਾਜ਼ ਸੁਣਿਨ ਨਾਲ ਭ੍ਰਮ ਦੂਰ ਹੋ ਜਾਂਦਾ ਹੈ ਔਰ ਨਿਰਭੈ ਹੋ ਕੇ ਮੰਦ੍ਰ, ਗੁਰਦਵਾਰੇ ਸਾਹਿਬ ਆ ਜਾਨ । ਸੁਨਤ ਸੁਰੰ । ਘੰਟੇ ਦੇ ਆਵਾਜ਼ ਨੂੰ ਸੁਨ ਕੇ 'ਕੋਕਲ ਸੁਨ ਲਾਜੈ' ਗੁਰੂ ਸਾਹਿਬ ਜੀ ਘੰਟੇ ਦੇ ਆਵਾਜ਼ ਦਾ ਵਰਨਨ ਕਰਦੇ ਹਨ ਕਿ ਘੰਟੇ ਦਾ ਆਵਾਜ਼ ਕੋਕਲ ਤੋਂ ਭੀ ਮਿਠਾ ਆਵਾਜ਼ ਹੈ । ਕਿ ਇਸ ਆਵਾਜ਼ ਨੂੰ ਸੁਣਿ ਕੇ ਕੋਕਲ ਭੀ ਲਜਾਵਾਨ ਹੁੰਦਾ ਹੈ ਕਿ ਮੇਰਾ ਭੀ ਇਤਨਾ ਮਿਠਾ

---

[੧] ਸ੍ਰੀ ਅਕਾਲ ਉਸਤਤਿ, ਪੰਨਾ ੩੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

> ਸੁਰੀਲਾ ਅਵਾਜ਼ ਨਹੀਂ ਹੈ । ਘੰਟੇ ਦੀ ਆਵਾਜ਼ ਨੂੰ ਸੁਨ ਕੇ 'ਕਿਲ ਬਿਖ ਭਾਜੈ' । ਭਾਵ ਅ੍ਰਥ, ਜਿਸਤਰ੍ਹਾਂ ਕਿ ਪੈਂਤੀਸ ਅਖਰੀ ਵਿਚ ਜ਼ਿਕਰ ਆਯਾ ਹੈ । ਚਾਪ ਗਿਆਨ ਕਰ ਜਾਏ ਬਿਰਾਜੈ ਛਾਯਾ ਦਵੈਤ ਸਗਲ ਉਠ ਭਾਜੈ । 'ਸੁਖ ਉਪਰਾਜੈ', ਘੰਟੇ ਦੇ ਆਵਾਜ਼ ਨੂੰ ਦਸਮ ਗੁਰੂ ਜੀ ਸੁਖ ਦਾਇਕ ਵ ਸੁਖਾਂ ਨੂੰ ਉਪਜਾਵਨ ਵਾਲਾ ਆਵਾਜ਼ ਹੈ ।
>
> ਸੋ ਭਾਈ ਸ਼ੰਕਾਵਾਦੀ ਸਜਨੋ, ਘੰਟੇ ਦਾ ਆਵਾਜ਼ ਮਾੜਾ ਹੁੰਦਾ, ਤਾਂ ਗੁਰੂ ਸਾਹਿਬ ਜੀ ਖੰਡਨ ਕਰਦੇ, ਪ੍ਰ ਗੁਰੂ ਸਾਹਿਬ ਜੀ ਨੇ ਖੰਡਨ ਨਹੀਂ ਕੀਤਾ, ਬਲਕੇ ਉਸ ਆਵਾਜ਼ ਦੀ ਉਪਮਾ ਵ ਸ਼ਲਾਘਾ ਕੀਤੀ ਹੈ । ਇਸ ਵਾਸਤੇ ਸਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਸਮ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਬਜਾਯਾ ਜਾਂਦਾ ਹੈ, ਕਿਉਂਕਿ ਮਹਾਰਾਜ ਏਹ ਆਵਾਜ਼ ਸੁਨ ਕੇ ਖ਼ੁਸ਼ ਹੋਵੰਦੇ ਹਨ ।

ਜੇ ਸਿੰਘ ਸਾਹਿਬ ਜੀ ਦੀ ਇਸ ਦਲੀਲ ਨੂੰ ਮੰਨ ਲਿਆ ਜਾਏ, ਤਾਂ ਇਸੇ ਤਰਕ ਅਨੁਸਾਰ ਘੰਟੇ ਦੇ ਨਾਲ-ਨਾਲ ਘੁੰਗਰੂਆਂ ਦੀ ਵਰਤੋਂ ਵੀ ਕਰਨੀ ਪਏਗੀ, ਕਿਉਂਕਿ ਇਸੇ ਬਾਣੀ ਵਿੱਚ ਘੁੰਗਰੂਆਂ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ : -

ਘੁੰਘਰੂ ਘਮੰਕਣ ਸ਼ਸਤ੍ਰ ਝਮੰਕਣ ਫਣੀਅਰ ਫੁੰਕਾਰਣ ਧਰਮ ਧੁਜੇ ।[੨]

ਇੰਨਾ ਹੀ ਨਹੀਂ, ਘੰਟੇ ਤੇ ਘੁੰਗਰੂ ਦੇ ਨਾਲ ਡਮਰੂ ਵੀ ਵਜਾਉਣਾ ਪਏਗਾ, ਕਿਉਂਕਿ ਇਸੇ ਬਾਣੀ ਵਿੱਚ ਇਹ ਪੰਕਤੀਆਂ ਵੀ ਆਉਂਦੀਆਂ ਹਨ : -

ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜ ਬਰੰ ।[੩]

ਤੇ

ਡੁਕਡੁਕੀ ਦਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁੱਧ ਗਤੇ ।[੪]

---

[੨] ਸ੍ਰੀ ਅਕਾਲ ਉਸਤਤਿ, ਪੰਨਾ ੩੧, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩] ਸ੍ਰੀ ਅਕਾਲ ਉਸਤਤਿ, ਪੰਨਾ ੩੧, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੪] ਸ੍ਰੀ ਅਕਾਲ ਉਸਤਤਿ, ਪੰਨਾ ੩੩, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਇਸ ਤੋਂ ਸਹਿਜੇ ਹੀ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸਿੰਘ ਸਾਹਿਬ ਦੀ ਇਹ ਦਲੀਲ ਵਜ਼ਨਦਾਰ ਨਹੀਂ ਹੈ। ਜੇ ਘੰਟੇ ਦਾ ਪ੍ਰਯੋਗ ਇਸੇ ਲਈ ਕੀਤਾ ਜਾਣਾ ਹੈ, ਕਿਉਂਕਿ ਸ੍ਰੀ ਅਕਾਲ ਉਸਤਤਿ ਦੀਆਂ ਉਪਰੋਕਤ ਪੰਕਤੀਆਂ ਵਿੱਚ ਇਸ ਦਾ ਜ਼ਿਕਰ ਹੈ, ਤਾਂ ਇਨ੍ਹਾਂ ਹੀ ਪੰਕਤੀਆਂ ਵਿੱਚ ਹੀ ਘੁੰਗਰੂ ਤੇ ਡਮਰੂ ਦਾ ਜ਼ਿਕਰ ਹੋਣ ਕਾਰਣ ਇਨ੍ਹਾਂ (ਘੁੰਗਰੂ ਤੇ ਡਮਰੂ) ਦੀ ਵਰਤੋਂ ਕਰਨ ਨੂੰ ਵੀ ਗੁਰ-ਮਰਯਾਦਾ ਸਮਝਣਾ ਪਏਗਾ।

ਸਿੰਘ ਸਾਹਿਬ ਜੀ ਇੱਕ ਹੋਰ ਦਲੀਲ ਦਿੰਦਿਆਂ ਲਿੱਖਦੇ ਹਨ : -

> ਸ੍ਰੀ ਚੰਦ ਜੀ ਗੁਰੂ ਨਾਨਕ ਸਾਹਿਬ ਜੀ ਦੇ ਬੜੇ ਸਪੁਤ੍ਰ ਦਾ ਇਤਹਾਸ ਵਿਚ ਜ਼ਿਕਰ ਵ ਸਾਖੀ ਆਈ ਹੈ ।ਬਾਬਾ ਸ੍ਰੀ ਚੰਦ ਜੀ ਜਦ ਸਿੰਧ ਮੁਲਕ ਵਿਚ ਗਏ ।ਠਟੇ ਨਗਰ ਆਸਨ ਲਾ ਕੇ ਬੈਠੇ ਸਨ ।ਭਾਈ ਕਮਲੀਆ ਜੀ ਨੇ ਧੂੰਨੀ ਧਕਾ ਦਿਤੀ ।ਸਾਮਨੇ ਬਾਬਾ ਜੀ ਸਮਾਧੀ ਵਿਚ ਇਸਥਿਤ ਹੋ ਗਏ ।ਬਾਬਾ ਜੀ ਦਾ ਭਤੀਜਾ ਧਰਮ ਚੰਦ ਛੋਟੀ ਉਮ੍ਰ ਦੇ ਬਚਿਆਂ ਨਾਲ ਖੇਲਦੇ ਖੇਲਦੇ ਬੇਰ ਖਾਂਦੇ ਜੰਗਲ ਵਿਚ ਦੂਰ ਨਿਕਲ ਗਏ ।ਅਗੇ ਸ਼ੇਰਨੀ ਅਪਨੇ ਬਚੇ ਨੂੰ ਦੁਧ ਚੁੰਗਾ ਰਹੀ ਸੀ ।ਧਰਮ ਚੰਦ ਜੀ ਨੇ ਦੇਖਿਆ ਵ ਕੰਨੋਂ ਫੜ ਕੇ ਲਿਆ ਕੇ ਬਾਬਾ ਜੀ ਦੇ ਅਸਥਾਨ ਤੇ ਬੰਨ੍ਹ ਦਿਤੀ ।ਏਹ ਸ਼ਕਤੀ ਦੇਖ ਸਿੰਧ ਨੀਵਾਸੀ ਵ ਨਗ੍ਰ ਨੀਵਾਸੀ ਨੇ ਜਾਨੀਆ ਕਿ ਏਹ ਸ਼ਿਵ ਜੀ ਦੇ ਔਤਾਰ ਹਨ ।ਇਨ੍ਹਾਂ ਨੂੰ ਆਪਨਾ ਦੁਖ ਸੁਨਾਈਏ ।ਆਕਰ ਕਿ ਸਾਰੇ ਬਾਬਾ ਜੀ ਨੂੰ ਮਥਾ ਟੇਕ ਕੇ ਬੈਠ ਗਏ ।ਬੇਨਤੀ ਕੀਤੀ ਕਿ ਇਥੋਂ ਦਾ ਨਵਾਬ ਮਿਰਜ਼ਾ ਸਾਹਿਬ ਸਾਨੂੰ ਹਿੰਦੂਵਾਂ ਨੂੰ ਪੂਜਾ ਔਰ ਘੰਟੇ ਘੜਿਆਲ ਨਹੀਂ ਬਜਾਵਨ ਦੇਂਦਾ ।ਏਹ ਸੁਨ ਕੇ ਬਾਬਾ ਸ੍ਰੀ ਚੰਦ ਜੀ ਏਹ ਧਕੇਸ਼ਾਹੀ ਨੂੰ ਬ੍ਰਦਾਸ ਨਾ ਕਰਦੇ ਹੋਏ ਅਪਨੇ ਅਸਥਾਨ ਤੇ ਦੋਨੋ ਟੈਮ ਆਰਤੀ ਔਰ ਘੰਟੇ ਘੜੀਆਲ, ਸੰਖ ਬਜਾਵਨੇ ਸ਼ੁਰੂ ਕਰ ਦਿਤੇ ਔਰ ਸਾਰੀਆਂ ਨੂੰ ਹੁਕਮ ਕੀਤਾ ਕਿ ਤੁਸੀਂ ਨਿਸ਼ੰਕ ਹੋ ਕੇ ਪੂਜਾ ਆਰਤੀ, ਘੜੀਆਲ, ਘੰਟੇ, ਸੰਖ ਬਜਾਓ ।ਏਹ ਖ਼ਬ੍ਰ ਮ੍ਰਿਜ਼ਾ ਸਾਹਿਬ ਤਕ ਸੁਨਾਈ ਗਈ ।ਉਸ ਨੇ ਕਿਹਾ ਕਿ ਛਡੋ, ਇਸ ਮਲੰਗ ਦੀਆਂ ਗਲਾਂ ਨੇ ।ਉਹ ਤਾਂ ਪਾਗਲ ਸੁਨੀਂਦਾ ਹੈ ।ਆਪੇ ਚਲਾ ਜਾਇਗਾ ।ਸ੍ਰੀ ਬਾਬਾ ਜੀ ਨੇ ਐਸਾ ਸੁਨਿਯਾ ।ਫ਼ੁਰਮਾਯਾ ਕਿ ਅਸੀਂ ਤਾਂ ਪਾਗਲ ਨਹੀਂ, ਪ੍ਰ ਦੂਸਰੀਆਂ ਨੂੰ ਪਾਗਲ ਜਾਣਿਨ ਵਾਲਾ ਆਪ ਹੀ ਪਾਗਲ ਹੈ ।ਏਹ ਵਾਕ ਹੋਨ ਦੀ ਦੇਰ ਸੀ ਬ ਸਾਫਿਰ ਸੀ । ਤੀਰ ਨਿਕਲੀਆ, ਠੀਕ ਨਿਸ਼ਾਨ ਉਤੇ ਜਾ ਲਗਾ ।

ਸਾਧੂ ਬੋਲੇ ਸਹਿਜ ਸੁਭਾਇ ॥ ਸਾਧੂ ਕਾ ਬੋਲੀਆ ਬਿਰਥਾ ਨਹੀਂ ਜਾਇ ॥

> ਇਧ੍ਰ ਗਲਾਂ ਕਰਦੀਆਂ ਮੁਹਮਦ ਖ਼ਾਨ ਬਾਕੀ ਅਪਨੇ ਆਪ ਵਿਚ ਬਾਕੀ ਨ ਰਿਹਾ । ਉਹ ਪਲ ਵਿਚ ਪਾਗਲ ਹੋ ਗਿਆ ਏਹ ਦੇ ਹਥ ਵਿਚ ਨੰਗੀ ਤਲਵਾਰ ਸੀ, ਜੋ ਖਿਚ ਕੇ ਅਪਨੇ ਹੀ ਪੇਟ ਵਿਚ ਮਾਰੀ ਤੇ ਉਥੇ ਹੀ ਢੈਹਿ ਢੇਰੀ ਹੋ ਗਯਾ । ਇਉਂ ਬਾਬਾ ਜੀ ਦਾ ਬਚਨ ਸਤ ਹੋਇਆ । ਸੋ ਭਾਈ ਸ਼ੰਕਾਵਾਦੀ ਸਜਨੋ, ਅਗਰ ਘੰਟਾ ਬਜਾਵਨਾ ਗੁਰਮਤ ਦੇ ਵਿਰੁਧ ਹੁੰਦਾ ਵ ਉਲਟ ਹੁੰਦਾ, ਤਾਂ ਗੁਰੂ ਨਾਨਕ ਸਾਹਿਬ ਜੀ ਦੇ ਸਪੁਤ੍ਰ ਸ਼ਿਵ ਸਰੂਪ ਬਾਬਾ ਸ੍ਰੀ ਚੰਦ ਦੀ ਸੰਖ ਘੰਟਾ ਮ੍ਰਿਜ਼ਾ ਸਾਹਿਬ ਦਾ ਰੋਕਨ ਤੇ ਇਨਤੇ ਗ਼ੁਸੇ ਵਿਚ ਕਿਉਂ ਆਂਵਦੇ ? ਗੁਸਾ ਭੀ ਹਦ ਤੋਂ ਪ੍ਰੇ ਆਯਾ ਕਿ ਮ੍ਰਿਜ਼ਾ ਸਾਹਿਬ ਦਾ ਖ਼ੂਨ ਹੀ ਕਰ ਦਿਤਾ, ਕਿਉਂਕਿ ਬਾਬਾ ਸ੍ਰੀ ਚੰਦ ਜੀ ਮਹਾਰਾਜ ਓਹ ਕੰਮ ਕਦੇ ਭੁਲ ਕੇ ਭੀ ਨਹੀਂ ਕਰਦੇ ਸਨ, ਜਿਸ ਦੀ ਪਿਤਾ ਗੁਰੂ ਨਾਨਕ ਸਾਹਿਬ ਵਲੋਂ ਆਗਿਯਾ ਨਾ ਹੋਵੈ ।[5]

ਇਹ ਕਹਿਣਾ ਇਤਿਹਾਸਿਕ ਤੱਥਾਂ ਦੇ ਉਲਟ ਹੈ ਕਿ ਸ੍ਰੀ ਚੰਦ ਉਹ ਕੰਮ ਭੁੱਲ ਕੇ ਵੀ ਨਹੀਂ ਕਰਦੇ ਸਨ, ਜਿਸ ਦੀ ਪਿਤਾ ਗੁਰੂ ਨਾਨਕ ਸਾਹਿਬ ਵੱਲੋਂ ਆਗਿਆ ਨਾ ਹੋਏ । ਸ੍ਰੀ ਚੰਦ ਬਾਰੇ ਭਾਈ ਸਾਹਿਬ ਗੁਰਦਾਸ ਜੀ ਨੇ ਇਸ ਪ੍ਰਕਾਰ ਜਾਣਕਾਰੀ ਦਿੱਤੀ ਹੈ : -

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ ।
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ ।
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ ।
ਚੰਦਨ ਵਾਸੁ ਬੋਹਾਇਆ ॥੩੩॥ (ਵਾਰ ੨੬) ।

ਇਸ ਪਉੜੀ ਵਿੱਚ ਭਾਈ ਸਾਹਿਬ ਗੁਰਦਾਸ ਜੀ ਨੇ ਸ੍ਰੀ ਚੰਦ ਨੂੰ ਗੁਰੂ ਸਾਹਿਬਾਨ ਦੇ ਉਨ੍ਹਾਂ ਪੁਤਰਾਂ ਵਿੱਚ ਗਿਣਿਆ ਹੈ, ਜਿਨ੍ਹਾਂ ਨੇ ਗੁਰੂ ਦੀ ਆਗਿਆ ਨਹੀਂ ਮੰਨੀ । ਗੁਰੂ ਨਾਨਕ ਦੇਵ ਜੀ ਦੇ ਹੁਕਮ ਨੂੰ ਨਾ ਮੰਨਣ ਵਾਲੇ ਉਨ੍ਹਾਂ ਦੇ ਬੇਟਿਆਂ ਨੂੰ ਭਾਈ ਗੁਰਦਾਸ ਜੀ ਨੇ ਮਨ ਦੇ ਖੋਟੇ ਅਤੇ ਆਕੀ ਤਕ ਆਖਿਆ ਹੈ : -

---

[5] ਪੰਨਾ ੧੬੨ ਤੋਂ ੧੬੪, ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ ।

ਪੁਤਰੀਂ ਕਉਲੁ ਨ ਪਾਲਿਆ, ਮਨਿ ਖੋਟੇ, ਆਕੀ, ਨਸਿਆਰਾ । (ਪਉੜੀ ੩੮, ਵਾਰ ਪਹਿਲੀ) ।

ਜਦੋਂ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ, ਤਾਂ ਸ੍ਰੀ ਚੰਦ ਨੂੰ ਹੁਕਮ ਕੀਤਾ ਸੀ ਕਿ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕੋ । ਇਤਿਹਾਸ ਸਪਸ਼ਟ ਰੂਪ ਵਿੱਚ ਕਹਿੰਦਾ ਹੈ ਕਿ ਸ੍ਰੀ ਚੰਦ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਦਾ ਪਾਲਣ ਨਹੀਂ ਸੀ ਕੀਤਾ ।

ਸਿੰਘ ਸਾਹਿਬ ਵੱਲੋਂ ਉਪਰ ਵਰਣਨ ਕੀਤੀ ਸ੍ਰੀ ਚੰਦ ਤੇ ਘੰਟੇ ਵਜਾਉਣ ਵਾਲੀ ਕਹਾਣੀ ਨੂੰ ਜੇ ਸੱਚ ਵੀ ਮੰਨ ਲਿਆ ਜਾਏ, ਤਾਂ ਇਸ ਤੋਂ ਸਿਰਫ਼ ਇਹ ਹੀ ਸੰਕੇਤ ਮਿਲਦਾ ਹੈ ਕਿ ਸ੍ਰੀ ਚੰਦ ਨੇ ਧਾਰਮਿਕ ਆਜ਼ਾਦੀ ਦੇ ਹੱਕ ਵਿੱਚ ਆਵਾਜ਼ ਉਠਾਈ । ਕਿਸੇ ਉੱਤੇ ਧਾਰਮਿਕ ਬੰਦਿਸ਼ਾਂ ਲਗਾਉਣ ਦੇ ਵਿਰੁੱਧ ਆਵਾਜ਼ ਉਠਾਉਣ ਦਾ ਇਹ ਇੱਕ ਢੰਗ ਸੀ ।

ਇਸ ਤੋਂ ਬਾਅਦ ਸਿੰਘ ਸਾਹਿਬ ਜੀ ਨੇ ਬੜੀ ਅਜੀਬ ਦਲੀਲ ਦਿੱਤੀ ਹੈ । ਅਜਿਹਾ ਕਰਦਿਆਂ ਉਹ ਇੱਕ ਪੁਸਤਕ ਦਾ ਹਵਾਲਾ ਦਿੰਦਿਆਂ ਲਿੱਖਦੇ ਹਨ : -

> ਘੰਟੇ ਬਾਰੇ ਔਰ ਖੋਜ ਹਵਾਲਾ ਸ੍ਰੀ ਨਾਰਾਯਨ ਹਰੀ ਉਪਦੇਸ਼, ਰਚੀਤ ਪੰਡਤ ਹਰਦੇਵ ਸਿੰਘ ਜੀ, ਨਿਰਮਲ ਕੁਟਿਆ ਕੰਨਖਲ, ਹਰਦੁਵਾਰ, ਸਫ਼ਾ ਨੰ: ੫੮ । ਅਰਥ, ਸਿਧ ਆਸਨ ਮੇਂ ਬੈਠਕਰ ਔਰ ਭਵਾਂ ਕੇ ਬੀਚ ਮੇਂ ਦ੍ਰਿਸ਼ਟੀ ਰਖਤਾ ਹੁਵਾ, ਚਿਤ ਕੋ ਇਕਾਗਰ ਕਰਤਾ ਹੋ ਵ ਸਜੇ ਕੰਨ ਮੇਂ ਅੰਤ੍ਰ ਹੋਨ ਵਾਲਾ ਜੋ ਨਾਦ ਸਬਦ, ਉਸ ਕੋ ਹਰ ਵਕਤ ਯੋਗੀ ਸੁਨਤਾ ਹੈ । ਨਾਦ ਸਬਦ ਮੇਂ ਅਭਿਆਸ ਬਾਹ ਯਾ ਸਬਦੋਂ ਕੋ ਰੋਕ ਲੇਤਾ ਹੈ । ਖਖ ਸੇ ਦੂਸ੍ਰੇ ਪਖ ਮੇਂ ਸਾਰ ਸੰਸਾਰ ਕੋ ਜੈ ਕਰ ਤੁਰੀਯਾ ਪਦ ਕੋ ਪ੍ਰਾਪਤ ਹੋਤਾ ਹੈ ।
>
> ਪਹਿਲੇ ਅਭਿਯਾਸ ਮੇਂ ਬੜਾ ਨਾਦ ਨਾਨਾ ਪ੍ਰਕਾਰ ਕਾ ਸ੍ਰਵਨ ਕਰਤਾ ਹੈ ਅਰ ਅਭਿਯਾਸ ਕੇ ਵਧ ਜਾਨੇ ਪ੍ਰ ਸੂਖਮ ਸੇ ਸੂਖਮ ਕੋ ਸੁਨ ਲੇਤਾ ਹੈ । ਪਹਿਲੇ ਸਮੁਦ੍ਰ ਕੀ ਨਿਆਈ ਬੜੀ ਗਜਕਾਰ ਸੁਨਾਈ ਆਤੀ ਹੈ ਔਰ ਵਿਚ ਮੇਂ ਕੋਮਲ ਸਬਦ ਪਰਤੀਤ ਹੋਤੇ ਹੈਂ, ਜੈਸੇ ਘੰਟੇ ਆਦਿ । ਅੰਤ ਮੇਂ ਸੂਖਮ ਸਬਦ ਨਾਨਾ ਪ੍ਰਕਾਰ ਕੇ ਸੁਨਾਈ ਆਤੇ ਹੈਂ, ਜੈਸੇ ਘੰਟੇ, ਕਿੰਕਨੀ, ਬੀਨਾ, ਬੰਸਰੀ ਔਰ ਭੇਰੀ ਆਦਿਕੋਂ ਸਬਦ ਸੁਨਾਈ ਆਤੇ ਹੈਂ । ਸੋ ਸਾਧ ਸੰਗਤ ਜੀਓ, ਅਨਾਹਦ ਸਬਦ ਮੇਂ ਘੰਟੇ ਬਜਨੇ ਕਾ ਜ਼ਿਕਰ ਆਇਆ ਹੈ । ਅਨਾਹਤ ਸਬਦ ਹਰ ਏਕ ਇਨਸਾਨ ਕੇ ਦਸਮੇ ਦੁਵਾਰ ਮੇਂ ਜੋਤ ਕੇ ਸਾਮਨੇ ਹੋਤਾ ਰਹਤਾ ਹੈ । ਅਗ੍ਰ ਸ਼ੰਕਾਵਾਦੀ ਸਜਨਾਂ ਨੂੰ ਘੰਟੇ ਦਾ ਅਵਾਜ਼

> ਬੁਰਾ ਲਗਦਾ ਹੈ ਔਰ ਗੁਰਮਤ ਦੇ ਵਿਰੁਧ ਲਗਦਾ ਹੈ, ਤੋ ਅਪਨੇ ਦਿਮਾਗ਼
> ਵਿਚ ਪਹਿਲੇ ਬੰਦ ਕਰਨ ।[੬]

ਸਿੰਘ ਸਾਹਿਬ ਜੀ ਵੱਲੋਂ ਦਿੱਤਾ ਹਵਾਲਾ ਤਾਂ ਅਨਾਹਤ ਸ਼ਬਦ ਦਾ ਜ਼ਿਕਰ ਕਰ ਰਿਹਾ ਹੈ, ਕਿਸੇ ਆਹਤ ਸ਼ਬਦ ਦਾ ਨਹੀਂ । ਅਨਾਹਤ ਸ਼ਬਦ ਦਾ ਹਵਾਲਾ ਆਹਤ ਸ਼ਬਦ ਦੇ ਹੱਕ ਵਿੱਚ ਨਹੀਂ ਦਿੱਤਾ ਜਾ ਸਕਦਾ । ਸਿੰਘ ਸਾਹਿਬ ਜੀ ਦੀ ਇਹ ਦਲੀਲ ਮੰਨ ਲਈਏ ਕਿ ਅਨਾਹਤ ਸ਼ਬਦ ਵਿੱਚ ਘੰਟੇ ਦੀ ਆਵਾਜ਼ ਵੀ ਸ਼ਾਮਿਲ ਹੈ, ਤਾਂ ਕੱਲ੍ਹ ਨੂੰ ਕੋਈ ਇਹ ਕਹਿ ਸਕਦਾ ਹੈ ਕਿ ਅਨਾਹਤ ਸ਼ਬਦ ਵਿੱਚ ਵੀਣਾ, ਬੰਸਰੀ ਤੇ ਭੇਰੀ ਦੀ ਆਵਾਜ਼ ਵੀ ਸ਼ਾਮਿਲ ਹੈ, ਇਸਲਈ ਇਨ੍ਹਾਂ ਦੀ ਵਰਤੋਂ ਗੁਰਦੁਆਰਾ ਸਾਹਿਬ ਵਿੱਚ ਕਰਨਾ 'ਪੁਰਾਤਨ ਮਰਯਾਦਾ' ਹੈ । ਸਿੰਘ ਸਾਹਿਬ ਜੀ ਨੇ ਜੋ ਹਵਾਲਾ ਦਿੱਤਾ ਹੈ, ਉਸ ਅਨੁਸਾਰ ਵੀ ਵੀਣਾ, ਬੰਸਰੀ ਤੇ ਭੇਰੀ ਆਦਿ ਦੀ ਆਵਾਜ਼ ਅਨਾਹਤ ਸ਼ਬਦ ਵਿੱਚ ਸ਼ਾਮਿਲ ਹੈ । ਇਸ ਪ੍ਰਕਾਰ, ਸਿੰਘ ਸਾਹਿਬ ਜੀ ਦੀ ਇਹ ਦਲੀਲ ਵੀ ਤਰਕ ਦੀ ਕਸੌਟੀ 'ਤੇ ਪੂਰੀ ਉਤਰਦੀ ਨਹੀਂ ਜਾਪਦੀ ।

ਸਿੰਘ ਸਾਹਿਬ ਜੀ ਲਿੱਖਦੇ ਹਨ, "ਅਗ੍ਰ ਸ਼ੰਕਾਵਾਦੀ ਸਜਨਾਂ ਨੂੰ ਘੰਟੇ ਦਾ ਅਵਾਜ਼ ਬੁਰਾ ਲਗਦਾ ਹੈ ਔਰ ਗੁਰਮਤ ਦੇ ਵਿਰੁਧ ਲਗਦਾ ਹੈ, ਤੋ ਅਪਨੇ ਦਿਮਾਗ਼ ਵਿਚ ਪਹਿਲੇ ਬੰਦ ਕਰਨ" । ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਜੀ ਵੱਲੋਂ ਅਜਿਹੀ ਵਿਅੰਗ ਭਰੀ ਗੱਲ ਲਿੱਖਣੀ ਉਨ੍ਹਾਂ ਦੇ ਸਨਮਾਨਯੋਗ ਅਹੁਦੇ ਦੇ ਅਨੁਕੂਲ ਨਹੀਂ ਹੈ । ਵੈਸੇ, ਇਹ ਗੱਲ ਤਰਕਹੀਣ ਵੀ ਹੈ, ਕਿਉਂਕਿ ਅਨਾਹਦ ਨਾਦ ਦਾ ਸਥੂਲ ਕੰਨਾਂ ਨਾਲ ਕੋਈ ਸੰਬੰਧ ਨਹੀਂ ਜੁੜਦਾ ।

ਸਿੰਘ ਸਾਹਿਬ ਜੀ ਨੇ ਘੰਟਾ ਵਜਾਉਣ ਨੂੰ ਗੁਰਮਰਯਾਦਾ-ਅਨੁਸਾਰੀ ਸਿੱਧ ਕਰਨ ਲਈ ਗੁਰਬਾਣੀ ਦੀਆਂ ਅਨੇਕ ਪੰਕਤੀਆਂ ਦਾ ਹਵਾਲਾ ਦਿੱਤਾ ਹੈ । ਇਹ ਪੰਕਤੀਆਂ ਅਨਾਹਤ ਸ਼ਬਦ ਦਾ ਜ਼ਿਕਰ ਕਰਦੀਆਂ ਹਨ, ਜਿਸ ਦਾ ਸਥੂਲ ਘੰਟੇ ਨਾਲ ਕੋਈ ਸੰਬੰਧ ਹੀ ਨਹੀਂ ਹੈ । ਸਿੰਘ ਸਾਹਿਬ ਜੀ ਨੇ ਗੁਰਬਾਣੀ ਦੀਆਂ ਜਿਨ੍ਹਾਂ ਪੰਕਤੀਆਂ ਦਾ ਹਵਾਲਾ ਦਿੱਤਾ ਹੈ, ਉਨ੍ਹਾਂ ਵਿੱਚੋਂ ਕੁੱਝ ਇਸ ਪ੍ਰਕਾਰ ਹਨ: -

> ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥[੭]
>
> ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥[੮]
>
> ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥[੯]

---

[੬] ਪੰਨਾ ੧੬੪-੧੬੫, ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ ।

[੭] ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮] ਰਾਮਕਲੀ ਮਹਲਾ ੫, ਪੰਨਾ ੮੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੯] ਰਾਮਕਲੀ ਮਹਲਾ ੧, ਪੰਨਾ ੯੦੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ [੧੦]

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ [੧੧]

ਦਰਿ ਵਾਜਹਿ ਅਨਹਤ ਵਾਜੇ ਰਾਮ ॥ [੧੨]

ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥ [੧੩]

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥ [੧੪]

ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ [੧੫]

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ ਾਦ ॥ [੧੬]

ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥ [੧੭]

ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ [੧੮]

ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥ [੧੯]

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ ॥ [੨੦]

---

[੧੦] ਗਉੜੀ ਗੁਆਰੇਰੀ ਮਹਲਾ ੩, ਪੰਨਾ ੧੬੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੧] ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੨] ਵਡਹੰਸੁ ਮਹਲਾ ੫, ਪੰਨਾ ੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੩] ਵਡਹੰਸੁ ਮਹਲਾ ੫, ਪੰਨਾ ੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੪] ਧਨਾਸਰੀ ਮਹਲਾ ੫, ਪੰਨਾ ੬੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੫] ਭੈਰਉ ਮਹਲਾ ੫, ਪੰਨਾ ੧੧੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੬] ਸਾਰਗ ਮਹਲਾ ੫, ਪੰਨਾ ੧੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੭] ਸਾਰਗ ਮਹਲਾ ੫, ਪੰਨਾ ੧੨੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੮] ਸੋਰਠਿ, ਕਬੀਰ ਜੀ, ਪੰਨਾ ੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੯] ਬਿਲਾਵਲੁ, ਕਬੀਰ ਜੀ, ਪੰਨਾ ੮੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ [੨੧]

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥ [੨੨]

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥ [੨੩]

ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥ [੨੪]

ਘੰਟਾ ਵਜਾਉਣ ਨੂੰ ਗੁਰਮਰਯਾਦਾ ਦਾ ਜ਼ਰੂਰੀ ਹਿੱਸਾ ਸਿੱਧ ਕਰਨ ਲਈ ਇਨ੍ਹਾਂ ਪੰਕਤੀਆਂ ਦਾ ਇਸਤੇਮਾਲ ਕਰਨਾ ਤਰਕਸੰਗਤ ਨਹੀਂ ਹੈ, ਕਿਉਂਕਿ ਇਹ ਪੰਕਤੀਆਂ ਅਨਾਹਤ ਸ਼ਬਦ ਦਾ ਜ਼ਿਕਰ ਕਰਦੀਆਂ ਹਨ, ਜਿਸ ਦਾ ਸਥੂਲ ਘੰਟੇ ਦੀ ਆਵਾਜ਼ ਨਾਲ ਕੋਈ ਸੰਬੰਧ ਨਹੀਂ ਹੈ ।

ਇਸੇ ਪ੍ਰਕਾਰ, ਗੁਰਬਾਣੀ ਦੀ ਇਹ ਪੰਕਤੀ ਵੀ ਕਿਸੇ ਸਥੂਲ ਘੰਟੇ ਦਾ ਜ਼ਿਕਰ ਨਹੀਂ ਕਰਦੀ : -

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ ਆਸਨੁ ਜਾ ਕਾ ਸਦਾ ਬੈਕੁੰਠ ॥ [੨੫]

ਸਿੰਘ ਸਾਹਿਬ ਜੀ ਲਿੱਖਦੇ ਹਨ, "ਜੇੜ੍ਹੇ ਸ਼ੰਕਾਵਾਦੀ ਸਜਨ ਘੰਟੇ ਦਾ ਅਵਾਜ਼ ਨਹੀਂ ਸੁਨਿਣਾ ਚਾਹੁੰਦੇ ਵ ਗੁਰਮਤ ਦੇ ਵਿਰੁਧ ਸਮਝਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਸੀਧੇ ਬੈਕੁੰਠ ਜਾ ਕੇ ਉਥੇ ਬੰਦ ਕਰਾਵਨ ਦਾ ਆਡਰ ਕਢਨ ਯਾ ਡਾਕਟ੍ਰ ਕੋਲੋਂ ਅਪ੍ਰੇਸ਼ਨ ਕਰਾ ਕੇ ਦਮਾਗ ਦਾ ਬੰਦ ਕਰਾਵਨ" ।

ਕਿਸੇ ਵਿਸ਼ੇ 'ਤੇ ਗੰਭੀਰ ਵੀਚਾਰ-ਚਰਚਾ ਕਰਦਿਆਂ ਅਜਿਹੇ ਵਿਅੰਗ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ।

ਘੰਟੇ ਬਾਰੇ ਸ੍ਰੀ ਮਦ-ਭਾਗਵਤ ਦਾ ਹਵਾਲਾ ਦੇਣਾ ਬਿਲਕੁਲ ਗ਼ਲਤ ਹੈ, ਕਿਉਂਕਿ ਸ੍ਰੀ ਮਦ-ਭਾਗਵਤ ਗੁਰਮਤਿ ਨਾਲ ਸੰਬੰਧਿਤ ਗ੍ਰੰਥ ਨਹੀਂ ਹੈ ।

---

[੨੦] ਗਉੜੀ ਕਬੀਰ ਜੀ, ਪੰਨਾ ੩੨੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੨੧] ਰਾਮਕਲੀ ਬਾਣੀ ਬੇਣੀ ਜੀਉ ਕੀ, ਪੰਨਾ ੯੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੨੨] ਮਾਲੀ ਗਉੜਾ ਮਹਲਾ ੪, ਪੰਨਾ ੯੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੨੩] ਰਾਮਕਲੀ ਮਹਲਾ ੫, ਪੰਨਾ ੮੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੨੪] ਸਾਰਗ ਮਹਲਾ ੫ ਅਸਟਪਦੀ, ਪੰਨਾ ੧੨੩੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੨੫] ਆਸਾ ਮਹਲਾ ੫, ਪੰਨਾ ੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸਿੰਘ ਸਾਹਿਬ ਵੱਲੋਂ ਘੰਟਾ ਵਜਾਉਣ ਦੇ ਹੱਕ ਵਿੱਚ ਚੰਡੀ ਚਰਿਤ੍ਰ ਦੀ ਇਸ ਪੰਕਤੀ ਦਾ ਹਵਾਲਾ ਦੇਣਾ ਬਿਲਕੁਲ ਹੀ ਗ਼ੈਰ-ਵਾਜਿਬ ਹੈ : -

ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥ [੨੬]

ਇਸ ਪੰਕਤੀ ਵਿੱਚ ਇੰਦਰ ਦੇ ਦਰਬਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਜ਼ਿਕਰ ਹੈ, ਗੁਰੂ-ਦਰਬਾਰ ਦਾ ਨਹੀਂ । ਜੇ ਸਿੰਘ ਸਾਹਿਬ ਜੀ ਦੀ ਇਹ ਦਲੀਲ ਮੰਨ ਲਈਏ, ਤਾਂ ਇਸ ਪੰਕਤੀ ਤੋਂ ਠੀਕ ਪਹਿਲਾਂ ਵਾਲੀ ਪੰਕਤੀ ਅਨੁਸਾਰ ਨ੍ਰਿਤ (ਨਾਚ) ਕਰਨਾ ਵੀ ਗੁਰਮਰਯਾਦਾ ਦਾ ਹਿੱਸਾ ਮੰਨਣਾ ਪਏਗਾ, ਕਿਉਂਕਿ ਇਸ ਤੋਂ ਪਹਿਲਾਂ ਵਾਲੀ ਪੰਕਤੀ ਵਿੱਚ ਨਾਚ ਦਾ ਜ਼ਿਕਰ ਹੈ : -

ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥੫੪॥ [੨੭]

ਸਿੰਘ ਸਾਹਿਬ ਜੀ ਦੀਆਂ ਸਾਰੀਆਂ ਦਲੀਲਾਂ ਨੂੰ ਵੀਚਾਰਨ ਮਗਰੋਂ ਅਸੀਂ ਸਹਿਜੇ ਹੀ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਗੁਰਦੁਆਰੇ ਵਿੱਚ ਘੰਟਾ ਵਜਾਉਣਾ ਗੁਰ-ਮਰਯਾਦਾ ਦਾ ਕੋਈ ਜ਼ਰੂਰੀ ਹਿੱਸਾ ਨਹੀਂ ਹੈ ।

---

[੨੬] ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੭੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੨੭] ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੭੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।